Roll No. ..................

**042**

[Maps of India and World]

Total No. of Questions : 8] [Total No. of Printed Pages : 8

**SS**

**2087**

**ਸਲਾਨਾ ਪਰੀਖਿਆ ਪ੍ਰਣਾਲੀ**

**GEOGRAPHY (Theory)**

**(Common for Hum., Science and Agriculture Groups)**

**(Punjabi, Hindi and English Versions)**

**(Evening Session)**

Time allowed : Three hours Maximum marks : 70

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **042** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਨੰ. 1 ਦੇ 8 ਉਪ ਭਾਗ ਹਨ । ਇਨ੍ਹਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿਚ ਦਿਉ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ ।

(vi) ਪ੍ਰਸ਼ਨ ਨੰ. 2 ਦੇ ਅੱਠ ਉਪ ਭਾਗ ਹਨ । ਹਰੇਕ ਉਪ ਭਾਗ 2 ਅੰਕਾਂ ਦਾ ਹੈ । ਉੱਤਰ ਦੀ ਲੰਬਾਈ 2 ਤੋਂ 3 ਵਾਕਾਂ ਵਿਚ ਹੋਵੇਗੀ ।

(vii) ਪ੍ਰਸ਼ਨ ਨੰ. 3 ਦੇ ਅੱਠ ਉਪ ਭਾਗ ਹਨ । ਇਨ੍ਹਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿਚ ਦਿਉ । ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ ।

(viii) ਪ੍ਰਸ਼ਨ ਨੰ. 4 ਤੋਂ 6 ਅੰਦਰੂਨੀ ਛੋਟ ਵਾਲੇ ਪ੍ਰਸ਼ਨ ਹਨ । ਹਰ ਪ੍ਰਸ਼ਨ 6 ਅੰਕਾਂ ਦਾ ਹੈ । ਇਹਨਾਂ ਦਾ ਉੱਤਰ 150 ਤੋਂ 250 ਸ਼ਬਦਾਂ ਵਿਚ ਦਿਉ ।

(ix) ਪ੍ਰਸ਼ਨ ਨੰ. 7 ਅਤੇ 8 ਭਾਰਤ ਅਤੇ ਸੰਸਾਰ ਦੇ ਨਕਸ਼ਿਆਂ ਨਾਲ ਸੰਬੰਧਿਤ ਹਨ । ਇਹਨਾਂ ਦੇ ਨਕਸ਼ੇ ਨਾਲ ਨੱਥੀ ਹਨ ।

(x) ਵਿਦਿਆਰਥੀ ਭਾਰਤ ਅਤੇ ਸੰਸਾਰ ਦੇ ਸਟੈਂਸਿਲਜ਼ ਵਰਤ ਸਕਦੇ ਹਨ ।

1. ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ ਕੁਝ ਕੁ ਸ਼ਬਦਾਂ ਵਿਚ ਦਿਓ :

(ੳ) ਇਨ੍ਹਾਂ ਵਿੱਚੋਂ ਆਵਾਜਾਈ ਦਾ ਸਭ ਤੋਂ ਮਹਿੰਗਾ ਸਾਧਨ ਕਿਹੜਾ ਹੈ ?

(i) ਰੇਲ ਮਾਰਗ (ii) ਸੜਕ ਮਾਰਗ (iii) ਹਵਾਈ ਮਾਰਗ (iv) ਜਲ ਮਾਰਗ 1

(ਅ) ਭਾਰਤ ਵਿਚ ਕਪੜਾ ਬੁਣਨ ਦੀ ਕਲਾ ਇਨ੍ਹਾਂ ਵਿੱਚੋਂ ਕੌਣ ਲਿਆਇਆ ?

(i) ਆਰੀਆ ਲੋਕ (ii) ਮੁਗਲ (iii) ਮੰਗੋਲ (iv) ਇਨ੍ਹਾਂ ਵਿੱਚੋਂ ਕੋਈ ਨਹੀਂ 1

(ੲ) ਗੰਨੇ ਦੀ ਖੇਤੀ ਲਈ ਕਿਹੋ ਜਿਹੇ ਤਾਪਮਾਨ ਦੀ ਲੋੜ ਹੁੰਦੀ ਹੈ ? 1

(ਸ) ਆਰਥਿਕ ਭੂਗੋਲ, ਭੂਗੋਲ ਦੀ ਕਿਹੜੀ ਸ਼ਾਖ ਨਾਲ ਸੰਬੰਧਤ ਹੈ ? 1

(ਹ) ਪੈਟਰੋਲੀਅਮ ਕਿਹੋ ਜਿਹਾ ਸੋਨਾ ਅਖਵਾਉਂਦਾ ਹੈ ? 1

(ਕ) ਸੰਸਾਰ ਵਿੱਚ ਸਭ ਤੋਂ ਵੱਧ ਮੱਛੀਆਂ ਫੜਨ (ਉਤਪਾਦਨ ਕਰਨ) ਵਾਲਾ ਦੇਸ਼ ਕਿਹੜਾ ਹੈ ? 1

(ਖ) ਸ਼ਕਤੀ (ਊਰਜਾ) ਦੇ ਮੁੱਖ ਸੋਮੇ ਕਿਹੜੇ-ਕਿਹੜੇ ਹਨ ? 1

(ਗ) ਟਾਟਾ ਆਇਰਨ ਐਂਡ ਸਟੀਲ ਕੰਪਨੀ ਦਾ ਕਾਰਖਾਨਾ ਕਿੱਥੇ ਸਥਿਤ ਹੈ ? 1

2. ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ 30 ਕੁ ਸ਼ਬਦਾਂ ਵਿੱਚ ਦਿਓ :

(ੳ) ਮੱਛੀ ਖੇਤਰ ਕੀ ਹੁੰਦੇ ਹਨ ? 2

(ਅ) ਕੱਚੇ ਲੋਹੇ ਦੀਆਂ ਕਿਸਮਾਂ ਦੇ ਨਾਂ ਲਿਖੋ । 2

(ੲ) ਸੰਸਾਰ ਦੇ ਘੱਟ ਵਸੋਂ ਖੇਤਰ ਕਿਹੜੇ-ਕਿਹੜੇ ਹਨ ? 2

(ਸ) ਅਮੁੱਕ ਸੋਮਿਆ ਤੋਂ ਕੀ ਭਾਵ ਹੈ ? 2

(ਹ) ਸੁਏਜ਼ ਨਹਿਰ ਕਿਹੜੇ ਦੋ ਸਾਗਰਾਂ ਨੂੰ ਆਪਸ ਵਿੱਚ ਮਿਲਾਉਂਦੀ ਹੈ ? 2

(ਕ) ਸਥਾਨਅੰਤਰੀ ਖੇਤੀ ਤੋਂ ਕੀ ਭਾਵ ਹੈ ? 2

(ਖ) ਨਿਰਮਾਣ ਉਦਯੋਗ ਕਿੰਨੀ ਕਿਸਮ ਦੇ ਹੁੰਦੇ ਹਨ ? 2

(ਗ) ਕੁਦਰਤੀ ਉੱਨ ਦੇ ਸੋਮੇਤ ਕਿਹੜੇ-ਕਿਹੜੇ ਹਨ ? 2

3. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਭਾਗ ਕਰੋ :

(ੳ) ਕਪਾਹ ਕਿੰਨੇ ਕਿਸਮ ਦੀ ਹੁੰਦੀ ਹੈ ? ਲਿਖੋ । 4

(ਅ) ਨੁਕੀਲੇ ਪੱਤਿਆਂ ਵਾਲੇ ਜੰਗਲਾਂ ਤੋਂ ਕੀ ਭਾਵ ਹੈ ? 4

(ੲ) ਤਾਂਬੇ ਦਾ ਕੀ ਮਹੱਤਵ ਹੈ ? 4

(ਸ) ਜੀਵ ਤੇ ਨਿਰਜੀਵ ਸੋਮਿਆ ਵਿੱਚ ਉਦਾਹਰਣਾਂ ਸਹਿਤ ਅੰਤਰ ਸਪਸ਼ਟ ਕਰੋ । 4

(ਹ) ਨਿਜੀ ਖੇਤੀ ਤੇ ਸਹਿਕਾਰੀ ਖੇਤੀ ਵਿੱਚ ਅੰਤਰ ਸਪਸ਼ਟ ਕਰੋ । 4

(ਕ) ਪਨਾਮਾ ਨਹਿਰ ਦੇ ਗੁਣ ਤੇ ਦੋਸ਼ ਲਿਖੋ । 4

(ਖ) ਤੇਜ਼ੀ ਨਾਲ ਵਧਦੀ ਵਸੋਂ, ਵਿਕਾਸ ਲਈ ਖਤਰੇ ਦੀ ਘੰਟੀ ਕਿਵੇਂ ਬਣਦੀ ਹੈ ? 4

(ਗ) ਖੇਤੀਬਾੜੀ ਅਧਾਰਤ ਉਦਯੋਗਾਂ 'ਤੇ ਨੋਟ ਲਿਖੋ । 4

4. ਚਾਵਲ ਦੀ ਖੇਤੀ ਲਈ ਲੋੜੀਂਦੀਆਂ ਭੂਗੋਲਿਕ ਹਾਲਤਾਂ ਲਿਖੋ ਤੇ ਸੰਸਾਰ ਦੇ ਚੌਲ ਉਤਪਾਦਕ ਦੇਸ਼ਾਂ ਦਾ ਵਰਨਣ ਕਰੋ । 6

ਜਾਂ

ਸੰਸਾਰ ਵਿੱਚ ਖੰਡ ਉਦਯੋਗ ਦੇ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

5. ਸੰਸਾਰ ਵਿੱਚ ਵਸੋਂ ਦੀ ਘਣਤਾ ਤੇ ਵੰਡ ਉੱਤੇ ਅਸਰਪਾਊ ਕਾਰਕਾਂ ਦਾ ਵਰਨਣ ਕਰੋ । 6

ਜਾਂ

ਕੋਲੇ ਦੀਆਂ ਮੁੱਖ ਕਿਸਮਾਂ ਲਿਖੋ ਤੇ ਸੰਸਾਰ ਵਿੱਚ ਕੋਲਾ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

6. ਆਰਥਿਕ ਭੂਗੋਲ ਦਾ ਮਹੱਤਵ ਵਿਸਥਾਰ ਸਹਿਤ ਲਿਖੋ । 6

ਜਾਂ

ਖੇਤੀਬਾੜੀ ਦੇ ਵੱਖੋ-ਵੱਖ ਢੰਗਾਂ ਦੇ ਨਾਂ ਦੱਸੋ ਤੇ ਕਿਸੇ ਦੋ ਢੰਗਾਂ ਦੀ ਵਿਆਖਿਆ ਕਰੋ । 6

7. ਭਾਰਤ ਦੇ ਖਾਕੇ ਵਿੱਚ ਭਰੋ : 4

(i) ਮੁੰਬਈ

(ii) ਬ੍ਰਹਮਪੁੱਤਰ

(iii) ਕੋਲਾਰ ਖਾਣ

(iv) ਕੋਈ ਕੌਫ਼ੀ ਉਤਪਾਦਕ ਖੇਤਰ ।

8. ਸੰਸਾਰ ਦੇ ਖਾਕੇ ਵਿੱਚ ਭਰੋ : 4

(i) ਗਰੀਨਲੈਂਡ

(ii) ਗੋਬੀ ਮਾਰੂਥਲ

(iii) ਟੈਗਾ ਜੰਗਲ ਦਾ ਸਥਾਨ

(iv) ਅਸਟਰੇਲੀਆ ਦੇ ਇੱਕ ਕਣਕ ਉਤਪਾਦਕ ਖੇਤਰ ।

ਨੋਟ : ਨੇਤਰਹੀਣ ਪਰੀਖਿਆਰਥੀਆਂ ਲਈ, ਪ੍ਰਸ਼ਨ 7 ਤੇ 8 ਦੇ ਬਦਲਵੇਂ ਪ੍ਰਸ਼ਨ

7. ਕੇਵਲ ਨਾਂ ਲਿਖੋ (ਭਾਰਤ) : 4

(i) ਕਾਲੀ ਮਿੱਟੀ ਦਾ ਇੱਕ ਖੇਤਰ

(ii) ਪੰਜਾਬ ਤੇ ਹਰਿਆਣਾ ਦੀਆਂ ਰਾਜਧਾਨੀਆਂ

(iii) ਕਿਸੇ ਤੇਲ ਸੋਧਕ ਕਾਰਖਾਨੇ ਦਾ ਸਥਾਨ

(iv) ਸੰਘਣੀ ਵਸੋਂ ਵਾਲੇ ਖੇਤਰ ਦਾ ਨਾਂ

8. ਕੇਵਲ ਨਾਂ ਲਿਖੋ (ਸੰਸਾਰ) : 4

(i) ਅਫ਼ਰੀਕਾ ਦਾ ਸਭ ਤੋਂ ਵੱਡਾ ਮਾਰੂਥਲ

(ii) ਸੰਸਾਰ ਦਾ ਕੋਈ ਪ੍ਰਮੁੱਖ ਹਵਾਈ ਮਾਰਗ

(iii) ਐਂਧ ਮਹਾਂਸਾਗਰੀ ਮੁੱਖ ਮੱਛੀ ਉਤਪਾਦਕ ਖੇਤਰ

(iv) ਕੈਨੇਡਾ ਤੇ ਚੀਨ ਦੀਆਂ ਰਾਜਧਾਨੀਆਂ ।